



ਮੀਂਹ ਦੇ ਨਾਲਿਆਂ ‘ਤੇ ਲੱਗੇ ਨਿਸ਼ਾਨ ਸਾਨੂੰ ਯਾਦ ਕਰਵਾਉਂਦੇ ਹਨ ਕਿ ਅਸੀਂ ਸਾਰੇ ਆਪਣੇ ਵਾਤਾਵਰਣ ਨਾਲ ਜੁੜ ਹੋਏ ਹਾਂ।

# ਰੈਸਟੋਰੈਂਟ ਅਤੇ ਖਾਣੇ ਦੀਆਂ ਸੇਵਾਵਾਂ

ਮੀਂਹ ਦੇ ਪਾਣੀ ਦਾ ਪ੍ਰਦੂਸ਼ਣ ਰੋਕ ਕੇ ਆਪਣੇ ਪਾਣੀ ਦੇ ਜੀਆਂ ਦੀ ਰੱਖਿਆ ਕਰੋ

## ਤਰਲ ਪਦਾਰਥ ਡੁੱਲਣ ਤੋਂ ਬਚਾਉਣਾ

ਜੇਕਰ ਖ਼ਤਰਨਾਕ ਪਦਾਰਥ ਡੁੱਲ ਜਾਂਦੇ ਹਨ ਤਾਂ ਉਹਨਾਂ ਨੂੰ ਤੁਰੰਤ ਸਾਫ਼ ਕਰੋ। ਅਜਿਹੇ ਪਦਾਰਥਾਂ ਨੂੰ ਮੀਂਹ ਦੇ ਨਾਲਿਆਂ ਵਿੱਚ ਜਾਣ ਤੋਂ ਰੋਕਣਾ ਚਾਹੀਦਾ ਹੈ।

ਤੇਲ ਡੁੱਲਣ ਤੋਂ ਬਚਾਉਣ ਲਈ :

- ਵਰਤੇ ਹੋਏ ਤੇਲ ਦੇ ਡੱਬਿਆਂ ਨੂੰ ਟੁੱਟਣ ਭੱਜਣ ਤੋਂ ਬਚਾ ਕੇ ਰੱਖੋ
- ਡੁੱਲੇ ਤੇਲ ਨੂੰ ਹਮੇਸ਼ਾ ਸੁੱਕੇ ਕਪੜੇ, ਪੋਚੇ ਜਾਂ ਝਾੜੂ ਨਾਲ ਸਾਫ਼ ਕਰੋ।
- ਕਦੇ ਵੀ ਡੁੱਲੇ ਤੇਲ ਨੂੰ ਪਾਣੀ ਨਾਲ ਧੋਕੇ ਸਟਰੀਟ, ਗਟਰ ਜਾਂ ਨਾਲੇ ਵਿੱਚ ਨਾ ਪਾਓ।
- ਤੇਲ ਡੁੱਲਣ ਦੀ ਹਾਲਤ ਨਾਲ ਨਜਿੱਠਣ ਲਈ ਤਿਆਰ ਰਹੋ।
- ਇੱਕ ਅਜਿਹੀ ਕਿੱਟ ਤਿਆਰ ਕਰੋ ਜਿਸ ਵਿੱਚ ਤੇਲ ਨੂੰ ਚੂਸਣ ਵਾਲੀਆਂ ਚੀਜ਼ਾਂ ਹੋਣ, ਆਪਣੇ ਕੰਮ ‘ਤੇ ਵਰਤਣ ਵਾਲੀਆਂ ਯੋਗ ਚੀਜ਼ਾਂ ਵਰਤੋ। ਆਪਣੇ ਕਰਮਚਾਰੀਆਂ ਨੂੰ ਵੀ ਡੁੱਲੇ ਤੇਲ ਨੂੰ ਸਾਂਭਣ ਦੀ ਸਿਖਲਾਈ ਦਿਓ।
- ਇਸ ਗੱਲ ਨੂੰ ਯਕੀਨੀ ਬਣਾਓ ਕਿ ਸਾਰੇ ਕਰਮਚਾਰੀ
- ਨਾਲਿਆਂ ਦੇ ਪਾਣੀ ਨੂੰ ਸਾਫ਼ ਰੱਖਣ ਲਈ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਣ।

ਕਿਸੇ ਹਾਦਸੇ ਕਾਰਣ ਤੇਲ ਡੁੱਲਣ ਦੀ ਹਾਲਤ ਵਿੱਚ ਤੁਰੰਤ **ਪ੍ਰੋਵਿੰਸ਼ੀਅਲ ਐਮਰਜੈਂਸੀ ਪ੍ਰੋਗਰਾਮ (PEP)** ਨੂੰ **1.800.663.3456** ‘ਤੇ ਫੋਨ ਕਰੋ। ਪਰ ਜੇਕਰ ਤੇਲ ਅੱਗ ਲਗੱਣ ਯੋਗ, ਜ਼ਹਿਰੀਲਾ, ਖਾਰਾ ਜਾਂ ਖ਼ਤਰਨਾਕ ਹੈ ਤਾਂ ਤੁਰੰਤ **ਸਰੀ ਫਾਇਰ ਡਿਪਾਰਟਮੈਂਟ** ਨੂੰ **911** ‘ਤੇ ਫੋਨ ਕਰੋ।

ਜੇਕਰ ਕੋਈ ਵੀ ਵਿਅਕਤੀ ਮੀਂਹ ਦੇ ਨਾਲਿਆਂ ਨੂੰ ਗੰਦਾ ਕਰਦੇ ਹਨ, ਉਹਨਾਂ ‘ਤੇ ਵਾਤਾਵਰਣ ਸੰਬੰਧੀ ਇਹਨਾਂ ਕਾਨੂੰਨਾਂ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ:

- ਫੈਡਰਲ ਫਿਸ਼ਰੀਜ਼ ਐਕਟ
- ਬੀ ਸੀ ਹੈਜ਼ਰਡਸ ਵੇਸਟ ਰੈਗੂਲੇਸ਼ਨ
- ਬੀ ਸੀ ਐਵਾਇਰਮੈਂਟਲ ਮੈਨੇਜਮੈਂਟ ਐਕਟ
- ਸਰੀ ਬਾਇ-ਲਾਅ ਨੰਬਰ16610

## ਵਧੇਰੇ ਜਾਣਕਾਰੀ ਲਈ

ਆਰਸੀਬੀਸੀ ਰੀਸਾਈਕਲ ਹੌਟਲਾਈਨ
604.732.9253

ਰੈਸਟੋਰੈਂਟ ਐਂਡ ਫੂਡ ਸਰਵਿਸਿਜ਼ ਐਸੋਸੀਏਸ਼ਨ
1.877.942.2732

ਸਿਟੀ ਆਫ਼ ਸਰੀ
ਪਲੰਬਿੰਗ ਸੈਕਸ਼ਨ
604.591.4245

ਸਿਟੀ ਆਫ਼ ਸਰੀ
ਡਰੇਨੇਜ ਐਂਡ ਐਨਵਾਇਰਨਮੈਂਟ ਸੈਕਸ਼ਨ
604.591.4321

ਫਰੇਜ਼ਰ ਹੈਲਥ ਅਥਾਰਿਟੀ
604.587.7610

ਜੇਕਰ ਤੁਸੀਂ ਕਿਸੇ ਨੂੰ ਮੀਂਹ ਦੇ ਨਾਲਿਆਂ ਵਿੱਚ ਤੇਲ ਜਾਂ ਰਸਾਇਣ ਪਾਉਂਦੇ ਵੇਖਦੇ ਹੋ ਤਾਂ ਕ੍ਰਿਪਾ ਕਰਕੇ ਸਿਟੀ ਆਫ਼ ਸਰੀ ਦੇ ਇੰਜਨੀਅਰਿੰਗ ਵਿਭਾਗ ਨੂੰ 604-590-7226 ਅਤੇ 4:30 ਤੋਂ ਬਾਅਦ 604-591-4431 ‘ਤੇ ਸੰਪਰਕ ਕਰੋ।

09268
www.surrey.ca
CITY OF SURREY





## ਰੈਸਟੋਰੈਂਟ ਅਤੇ ਖਾਣੇ ਦੀਆਂ ਸੇਵਾਵਾਂ

ਅਕਸਰ ਅਸੀਂ ਇਹ ਨਹੀਂ ਸੋਚਦੇ ਕਿ ਰੈਸਟੋਰੈਂਟ ਅਤੇ ਖਾਣੇ ਦੀਆਂ ਸੇਵਾਵਾਂ ਤੋਂ ਵੀ ਪ੍ਰਦੂਸ਼ਣ ਫੈਲ ਸਕਦਾ ਹੈ। ਪਰ ਜੇਕਰ ਇਹਨਾਂ ਥਾਵਾਂ ਨੂੰ ਸਾਫ਼ ਕਰਨ ਅਤੇ ਬਚੇ ਤੇਏ ਤੇਲ ਨੂੰ ਸਹੀ ਢੰਗ ਨਾਲ ਨਾ ਸਾਂਭਿਆ ਜਾਵੇ ਤਾਂ ਉਹ ਪਾਰਕਿੰਗ ਲਾਟਾਂ ਵਿੱਚ ਡੁੱਲਣ ਨਾਲ ਮੀਂਹ ਦੇ ਨਾਲਿਆਂ ਵਿੱਚ ਪੈ ਕੇ ਪ੍ਰਦੂਸ਼ਣ ਫੈਲਾ ਸਕਦੇ ਹਨ ਅਤੇ ਨਾਲ ਹੀ ਸੀਵਰੇਜ ਦੇ ਪਾਈਪਾਂ ਨੂੰ ਵੀ ਬੰਦ ਕਰ ਸਕਦੇ ਹਨ, ਜਿਹਨਾਂ ਨੂੰ ਸਾਫ਼ ਕਰਵਾਉਣਾ ਮਹਿੰਗਾ ਪੈ ਸਕਦਾ ਹੈ। ਪਾਰਕਿੰਗ ਲਾਟਾਂ ਵਿੱਚ ਰਸੋਈ ਦੇ ਵੈਂਟਾਂ ਦੇ ਫਿਲਟਰ ਧੋਣ ਅਤੇ ਗੰਦਾ ਸਾਬਣ ਵਾਲੇ ਪਾਣੀ ਸੁੱਟਣ ਨਾਲ, ਇਹ ਪਾਣੀ ਪਾਰਕਿੰਗ ਲਾਟਾਂ ਦੇ ਮੀਂਹ ਦੇ ਨਾਲਿਆਂ ਵਿੱਚੋਂ ਦੀ ਹੋਕੇ ਵੱਡੇ ਮੀਂਹ ਦੇ ਨਾਲਿਆਂ ਵਿੱਚ ਰਲ ਜਾਵੇਗਾ। ਅਕਸਰ ਗਰੀਸ ਅਤੇ ਕੂੜੇ ਦੇ ਡੱਬਿਆਂ ਤੋਂ ਮੀਂਹ ਨਾਲ ਗੰਦਗੀ ਅਤੇ ਥਿੰਦਿਆਈ ਉੱਤਰ ਕੇ ਪਾਰਕਿੰਗ ਲਾਟਾਂ ਦੇ ਮੀਂਹ ਦੇ ਨਾਲਿਆਂ ਵਿੱਚ ਜਾ ਰਲਦੀ ਹੈ।

ਥਿੰਦਿਆਈ, ਤੇਲ ਅਤੇ ਗਰੀਸ ਨੂੰ ਸੀਵਰੇਜਾਂ ਅਤੇ ਮੀਂਹ ਦੇ ਨਾਲਿਆਂ ਵਿੱਚ ਜਾਣ ਤੋਂ ਰੋਕਣਾ ਜ਼ਰੂਰੀ ਹੈ। ਆਮਤੌਰ 'ਤੇ ਮੀਂਹ ਦੇ ਨਾਲੇ ਕਿਸੇ ਨੇੜਲੀ ਨਦੀ ਜਾਂ ਨਾਲੇ ਨਾਲ ਜੁੜੇ ਹੁੰਦੇ ਹਨ, ਇਸਲਈ ਕਿਸੇ ਵੀ ਤਰ੍ਹਾਂ ਦਾ ਪ੍ਰਦੂਸ਼ਣ ਇਹਨਾਂ ਨਦੀਆਂ ਵਿੱਚ ਰਹਿ ਰਹੀਆਂ ਮੱਛੀਆਂ ਅਤੇ ਆ-ਪਣੇ ਵਾਤਾਵਰਣ ਲਈ ਹਾਨੀਕਾਰਕ ਹੋ ਸਕਦਾ ਹੈ ਸਰੀ ਵਿੱਚ ਲਗਭਗ 1500 ਕਿਲੋਮੀਟਰ ਲੰਬੀਆਂ ਨਦੀਆਂ ਅਤੇ ਨਾਲੇ ਹਨ। ਇਹ ਨਦੀਆਂ ਇੱਕ ਵਿਸ਼ੇਸ਼ ਕਿਸਮ ਦੇ ਪਾਣੀ ਦੇ ਸੋਮੇ ਹਨ ਜਿਹੜੇ ਸੈਮਨ, ਟਰਾਉਟ ਅਤੇ ਪਾਣੀ ਦੇ ਦੂਜੇ ਜੀਵਾਂ ਲਈ ਕੁਦਰਤੀ ਸਹਾਰਾ ਹਨ। ਥਿੰਦਿਆ-ਈ, ਤੇਲ ਅਤੇ ਗਰੀਸ ਮੱਛੀ ਦੇ ਖੰਭਾਂ 'ਤੇ ਲੱਗ ਸਕਦੀ, ਪਾਣੀ ਵਿੱਚ ਆਕਸੀਜਨ ਆਉਣ ਤੋਂ ਰੋਕ ਸਕਦੀ ਹੈ, ਨਾਲੀਆਂ ਨੂੰ ਬੰਦ ਕਰ ਸਕਦੀ ਹੈ ਅਤੇ ਹੋ ਸਕਦਾ ਹੈ ਇਹਨਾਂ ਵਿੱਚ ਅਜਿਹੇ ਰਸਾਇਣ ਹੋਣ ਜਿਹੜੇ ਪਾਣੀ ਦੇ ਜੀਵਾਂ ਲਈ ਜ਼ਹਿਰੀਲੇ ਹੋਣ।

## ਕੱਮ ਕਰਨ ਦੇ ਸਹੀ ਢੰਗ

ਮੀਂਹ ਦੇ ਨਾਲਿਆਂ ਅਤੇ ਅਖੀਰ ਆਪਣੀਆਂ ਨਦੀਆਂ ਵਿੱਚ ਗੰਦਗੀ ਪਹੁੰਚਣ ਤੋਂ ਰੋਕਣ ਲਈ, ਸਾਨੂੰ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:

- ਰਸੋਈ ਦੇ ਵੈਂਟ ਫਿਲਟਰਾਂ, ਸਫ਼ਾਈ ਦੇ ਘੋਲਾਂ ਅਤੇ ਬਚੀ ਹੋਈ ਗਰੀਸ ਨੂੰ ਮਨਜ਼ੂਰਸ਼ੁਦਾ ਸੈਨੀਟਰੀ ਸੀਵਰੇਜ ਜਾਂ ਇਹਨਾਂ ਚੀਜ਼ਾਂ ਨੂੰ ਸੁੱਟਣ ਵਾਲੀ ਮਨਜ਼ੂਰਸ਼ੁਦਾ ਥਾਂ 'ਤੇ ਟਰੱਕ ਰਾਹੀਂ ਭੇਜਣਾ ਚਾਹੀਦਾ ਹੈ।.
- ਪੋਚੇ ਵਾਲੇ ਪਾਣੀ ਨੂੰ ਪੋਚੇ ਵਾਲੇ ਸਿੰਕ ਜਾਂ ਅਜਿਹੀ ਨਾਲੀ ਵਿੱਚ ਸੁੱਟੋ ਜਿਹੜੀ ਬਾਕੀਆਂ ਨਾਲੀਆਂ ਨਾਲੋਂ ਵੱਖ ਹੋਕੇ ਸੀਵਰੇਜ ਵਿੱਚ ਜਾਂਦੀ ਹੈ। ਕਦੇ ਵੀ ਗੰਦਾ ਪਾਣੀ ਸਟਰੀਟ, ਗਟਰ ਜਾਂ ਮੀਂਹ ਦੇ ਨਾਲਿਆਂ ਵਿੱਚ ਨਾ ਸੁੱਟੋ।
- ਤੇਲ ਵਾਲੇ ਭਾਂਡਿਆਂ ਨੂੰ ਬਾਹਰ ਰੱਖਣ ਤੋਂ ਪਹਿਲਾਂ ਉਹਨਾਂ ਨੂੰ ਅੰਦਰ ਗਰੀਸ ਧੋਣ ਵਾਲੀ ਵੱਖਰੀ ਬਣੀ ਨਾਲੀ 'ਤੇ ਧੋ ਲਓ।
- ਜੇਕਰ ਤੁਸੀਂ ਗਾਰਬੇਜ ਕੰਪੈਕਟਰਸ ਵਰਤਦੇ ਹੋ ਤਾਂ ਕਿਸੇ ਵੀ ਤਰ੍ਹਾਂ ਦੇ ਬਚੇ ਤਰਲ ਸਮਾਨ ਨੂੰ ਮੀਂਹ ਦੇ ਨਾਲਿਆਂ ਵਿੱਚ ਨਹੀਂ ਸੁੱਟਣਾ ਚਾਹੀਦਾ।
- ਸਫ਼ਾਈ, ਅਰੋਗ ਅਤੇ ਸੁਗੰਧਤ ਕਰਨ ਵਾਲੇ ਪਦਾਰਥਾਂ ਨੂੰ ਸਾਂਭ ਕੇ ਸੁਰੱਖਿਅਤ ਥਾਂ 'ਤੇ ਰੱਖਣਾ ਚਾਹੀਦਾ ਹੈ। ਤਾਂ ਕਿ ਜੇ ਉਹ ਡੁੱਲ ਵੀ ਜਾਣ ਤਾਂ ਮੀਂਹ ਦੇ ਨਾਲਿਆਂ ਵਿੱਚ ਨਾ ਜਾਣ
- ਸਫ਼ਾਈ, ਅਰੋਗ ਅਤੇ ਸੁਗੰਧਤ ਕਰਨ ਵਾਲੇ ਪੁਰਾਣੇ ਪਦਾਰਥਾ ਨੂੰ ਸੁੱਟਣ ਲਈ ਬਣੀਆਂ ਖ਼ਾਸ ਥਾਵਾਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਉਤਪਾਦਕ ਵੱਲੋਂ ਦਿੱਤੀਆਂ ਸਫ਼ਾਈ ਅਤੇ ਸੁੱਟਣ ਦੀਆਂ ਹਿਦ-ਾਇਤਾਂ ਦੀ ਪਾਲਣਾ ਕਰੋ।
- ਆਪਣੇ ਸੀਵਰੇਜ ਦੀਆਂ ਪਾਈਪਾਂ ਨੂੰ ਬੰਦ ਨਾ ਹੋਣ ਦਿਓ, ਉਹਨਾਂ ਵਿੱਚੋਂ ਗਰੀਸ ਨੂੰ ਨਿਯਮਿਤ ਤੌਰ 'ਤੇ ਸਾਫ਼ ਕਰਦੇ ਰਹੋ। ਜੇਕਰ ਸੀਵਰੇਜ ਰੁੱਕ ਕੇ ਭਰ ਜਾਏ ਤਾਂ ਉਸਦਾ ਗੰਦਾ ਪਾਣੀ ਮੀਂਹ ਦੇ ਨਾਲਿਆਂ ਵਿੱਚ ਪੈ ਸਕਦਾ ਹੈ।

### ਗਰੀਸ ਅਤੇ ਤੇਲ ਨੂੰ ਸੁਟਣਾ

- ਗਰੀਸ ਅਤੇ ਤੇਲ ਨੂੰ ਕਦੇ ਵੀ ਸਿੰਕ, ਨਾਲੀਆਂ ਜਾ ਮੀਂਹ ਦੇ ਨਾਲੀਆਂ, ਜਾਂ ਗਾਰਬੇਜ ਦੇ ਡੱਬਿਆਂ ਵਿੱਚ ਨਾ ਸੁੱਟੋ। ਗਰੀਸ ਜਾਂ ਤੇਲ ਨੂੰ ਡੁੱਲਣ ਤੋਂ ਬਚਾਉਣ ਲਈ ਢੱਕਣ ਵਾਲੇ ਡੱਬੇ ਜਾਂ ਇਸ ਲਈ ਬਣੀਆਂ ਵੱਖ ਨਾਲੀਆਂ ਦੀ ਵਰਤੋਂ ਕਰੋ।
- ਗਰੀਸ ਦੇ ਡੱਬਿਆਂ ਨੂੰ ਕਦੇ ਵੀ ਲੋੜੋਂ ਵੱਧ ਨਾ ਭਰੋ
- ਬਚੀ ਹੋਈ ਗਰੀਸ ਅਤੇ ਗਾਰਬੇਜ ਦੇ ਡੱਬੇ ਛੱਤੀ ਹੋਈ ਥਾ 'ਤੇ ਰੱਖੋ ਜਿੱਥੋਂ ਉਹਨਾਂ ਦੇ ਡੁੱਲਣ 'ਤੇ ਵੀ ਉਹ ਮੀਂਹ ਦੇ ਨਾਲਿਆਂ ਵਿੱਚ ਨਾ ਵਗਣ।

